# ਉੱਠ ਗਏ ਗੁਆਂਢੋਂ ਯਾਰ

*—ਹਰਕੇਸ਼*

ਸ. ਗੁਰਸ਼ਰਨ ਸਿੰਘ ਭਾ ਜੀ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਮੇਰੇ ਚੇਤਿਆਂ ਦੀ ਚੰਗੇਰ ਵਿਚ ਅਨਮੋਲ ਮੋਤੀਆਂ ਵਾਂਗ ਸਾਂਭੀਆਂ ਪਈਆਂ ਨੇ, ਕਿਸੇ ਅਮੁੱਕ ਖ਼ਜ਼ਾਨੇ ਵਾਂਗ, ਕਿਸੇ ਖ਼ੂਬਸੂਰਤ ਸੁਪਨੇ ਵਾਂਗ, ਇਨ੍ਹਾਂ ਯਾਦਾਂ ਨੂੰ ਕਦੇ ਚਾਹ ਕੇ ਵੀ ਭੁੱਲਿਆ ਨਹੀਂ ਜਾ ਸਕਦਾ, ਕਿਉਂਕਿ ਭਾ ਜੀ ਦੀ ਸ਼ਖ਼ਸੀਅਤ ਹੀ ਕੁਝ ਅਜਿਹੀ ਸੀ। ਰੂਹ ਨੂੰ ਸਕੂਨ ਦੇਣ ਵਾਲੀ, ਇਕ ਦਿਲਕਸ਼ ਅੰਦਾਜ਼ ਵਾਲੀ, ਉਸ ਦੇ ਚਿਹਰੇ ਦੀ ਦਰਵੇਸ਼ਾਂ ਵਰਗੀ ਆਭਾ। ਉਸ ਦੀ ਜ਼ਿੰਦਗੀ ਦੇ ਤਜ਼ਰਬਿਆਂ ਨੇ ਲੋਕਾਈ ਦੇ ਦਰਦ ਨਾਲ ਲਬਰੇਜ਼ ਸ਼ਖ਼ਸੀਅਤ, ਉਸ ਦੀ ਕਹਿਣੀ ਤੇ ਕਥਨੀ ਦੀ ਇਕਮਿਕਤਾ ਅਤੇ ਉਸ ਦੀ ਸਾਦ-ਮੁਰਾਦੀ ਦਿੱਖ ਮਨੁੱਖ ਨੂੰ ਆਪਣਾ ਕਾਇਲ ਬਣਾ ਲੈਂਦੀ ਸੀ। ਜਦੋਂ ਉਹ ਬੱਸ ਉਤਰਦਾ ਬਾਂਹ ਵਿਚ ਇਕ ਥੈਲਾ ਪਾਇਆ, ਕੁੜਤਾ ਪਜਾਮਾ ੜੇ ਅਸਮਾਨੀ ਪੱਗ ਤੇਜ਼ ਕਦਮੀਂ ਤੁਰਦਾ ਜਾ ਰਿਹਾ ਹੁੰਦਾ, ਕਾਹਲੀ-ਕਾਹਲੀ ਸ਼ਾਇਦ ਮਨ ਵਿਚ ਹਜ਼ਾਰਾਂ ਸੁਪਨੇ ਬੁਣਦਾ ਸੀ। ਲੋਕਾਂ ਦੀ ਜ਼ਿੰਦਗੀ ਬਦਲਣ ਲਈ, ਉਨ੍ਹਾਂ ਲੋਕਾਂ ਦੀ ਜ਼ਿੰਦਗੀ ਜੋ ਵਿਹੜਿਆਂ ਵਿਚ ਰਹਿੰਦੇ ਨੇ, ਉਨ੍ਹਾਂ ਲੋਕਾਂ ਦੀ ਜ਼ਿੰਦਗੀ ਬਦਲਣ ਲਈ ਜੋ ਕਿਰਤ ਤਾਂ ਕਰਦੇ ਨੇ, ਪਰ ਜ਼ਿੰਦਗੀ ਵਿਚ ਕਦੇ ਸੂਹੀ ਸਵੇਰ ਨਹੀਂ ਦੇਖੀ, ਜਿਨ੍ਹਾਂ ਦੀ ਆਜ਼ਾਦੀ ਅਜੇ ਕਿਤੇ ਦੂਰ ਬੈਠੀ ਹੈ। ਜਿਨ੍ਹਾਂ ਦੀ ਦੀਵਾਲੀ ਵੀ ਅਜੇ ਚਾਨਣਾਂ ਤੋਂ ਮਹਿਰੂਮ ਹੈ। ਉਨ੍ਹਾਂ ਦੀ ਜ਼ਿੰਦਗੀ ਬਦਲਣ ਲਈ ਜਿਨ੍ਹਾਂ ਨੂੰ ਨਿਉਟੇ, ਅਣਹੋਏ, ਨਿਆਸਰੇ, ਨਾ ਹੋਏ ਆਖਿਆ ਜਾਂਦਾ ਹੈ। ਉਨ੍ਹਾਂ ਦਿੱਤੂਆਂ, ਸ਼ਿੱਬੂਆਂ, ਕਰਮੂਆਂ, ਫਕੀਰੂਆਂ ਦੀ ਬੇਰੰਗ ਜ਼ਿੰਦਗੀ ਵਿਚ ਰੰਗ ਭਰਨ ਦੀ ਕੋਸ਼ਿਸ਼ ਕਰਦਾ ਉਹ ਤੁਰਿਆ ਜਾਂਦਾ, ਤੁਰਿਆ ਜਾਂਦਾ ਸੀ। ਉਸ ਦੀ ਨਿਰੰਤਰ ਤੋਰ ਨੂੰ ਕਦੇ ਕੋਈ ਵਕਤ ਦਾ ਨਿਜ਼ਾਮ ਠੱਲ੍ਹਣ ਦੀ ਕੋਸ਼ਿਸ਼ ਵੀ ਕਰਦਾ ਤਾਂ ਮੂੰਹ ਦੀ ਖਾਂਦਾ, ਉਸ ਦੇ ਰਾਹਾਂ 'ਤੇ ਕੰਡਿਆਲੀਆਂ ਥੋਹਰਾਂ ਗੱਡਣ ਦੀ ਕੋਸ਼ਿਸ਼ ਵੀ ਕਰਦਾ ਤਾਂ ਉਹ ਨਵੇਂ ਰਾਹ ਸਿਰਜ ਦਿੰਦਾ ਤੇ ਉਹ ਉਨ੍ਹਾਂ ਰਾਹਾਂ 'ਤੇ ਤੁਰਦਾ ਤਾਂ ਰਾਹ ਬਣ ਜਾਂਦੇ, ਉਸ ਦੀ ਇਸ ਨਿਰੰਤਰ ਤੋਰ ਨੂੰ ਵੇਖ ਕੇ ਅਚੇਤ ਹੀ, ਆਪਮੁਹਾਰੇ ਹੀ ਲੋਕਾਂ ਦਾ ਮਨ ਬੋਲ ਉੱਠਦਾ—ਭਾਈ ਮੰਨਾ ਤੇ ਭਾ ਜੀ ਹਮੇਸ਼ਾ ਇਸ ਧਾਰਨਾ ਦੇ ਮੁਦੱਈ ਰਹੇ ਕਿ "ਕਲਾ

ਕਲਾ ਲਈ' ਨਹੀਂ ਸਗੋਂ 'ਕਲਾ ਲੋਕਾਂ ਲਈ' ਹੋਣੀ ਚਾਹੀਦੀ ਹੈ। ਜਦੋਂ ਇਹ ਗੱਲ ਠੋਕ ਵਜਾ ਕੇ ਕਹਿੰਦੇ ਨੇ ਕਿ ਕਲਾ ਰਾਹੀਂ ਤੁਸੀਂ ਕਹਿਣਾ ਕੀ ਚਾਹੁੰਦੇ ਹੋ ?

"ਜੇਕਰ ਤੁਹਾਡੀ ਕਲਾ ਨੇ ਸਮਾਜ ਦਾ ਕੋਈ ਸਵਾਲ ਹੀ ਨਹੀਂ ਉਠਾਣਾ ਤਾਂ ਨਾਟਕ ਕਰਨਾ ਹੀ ਕਿਉਂ ਹੈ ?" ਉਹ ਬੜੇ ਬੇਬਾਕ ਹੋ ਆਖਦੇ ਕਿ ਤੁਸੀਂ ਤਹਿ ਕਰ ਲਵੋ, ਤੁਸੀਂ ਲੋਕਾਂ ਨਾਲ ਖੜਨਾ ਹੈ ਜਾਂ ਨਿਜ਼ਾਮ ਨਾਲ। ਤੁਸੀਂ ਚਾਂਦੀ ਦੇ ਘੁੰਗਰੂਆਂ ਨਾਲ ਖੇਡਣਾ ਹੈ ਜਾਂ ਰਾਹਾਂ ਦੇ ਭਖੜਿਆਂ ਨੂੰ ਅੰਗਾਰ ਬਣਾਉਣਾ ਹੈ। ਤੁਸੀਂ ਨਿਜ਼ਾਮ ਦੀ ਪੀਂਘ ਨੂੰ ਹੁਲਾਰੇ ਦੇਣੇ ਹਨ ਜਾਂ ਇਸ ਜਰਜ਼ਰੇ ਨਿਜ਼ਾਮ ਨੂੰ ਝਟਕੇ ਦੇਣੇ ਹਨ। ਇਹ ਪਹਿਲਾਂ ਤੈਅ ਕਰ ਲਵੋ...ਤੇ ਬਾਬਾ ਬੇਫ਼ਿਕਰ ਹੋ ਕੇ ਬੋਲਦਾ ਸੀ। ਜਦੋਂ ਬਾਬਾ ਬੋਲਦਾ ਸੀ ਤਾਂ ਸਥਾਪਤੀ ਦਾ ਦਿਲ ਡੋਲਦਾ ਸੀ। ਭਾ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਨਾਇਕ ਗੁਰਮਤਿ ਵਿਚੋਂ ਵੀ ਹਨ ਤੇ ਲੋਕਧਾਰਾ ਵਿਚੋਂ ਵੀ। ਭਾ ਜੀ ਨਿਰੰਤਰਤਾ ਦਾ ਨਾਂ ਹੈ। ਜਦੋਂ ਵੱਡੀਆਂ ਟੀਮਾਂ ਉਨ੍ਹਾਂ ਕੋਲ ਨਹੀਂ ਹੁੰਦੀਆਂ ਤਾਂ ਵੱਡੀ ਟੀਮ ਬਣਨ ਦਾ ਇੰਤਜ਼ਾਰ ਨਹੀਂ ਕਰ ਸਕਦਾ ਕਿਉਂਕਿ ਉਹਦਾ ਇਸ਼ਕ ਤਾਂ ਲੋਕ ਹਨ। ਉਹ ਮੁਸੀਬਤਾਂ ਦੇ ਝਨਾਅ ਨੂੰ ਪਾਰ ਕਰਦਾ ਹੈ। ਜਦੋਂ ਤਿੰਨ ਪਾਤਰੀ ਨਾਟਕਾਂ ਨਾਲ ਸੱਥਾਂ ਵਿਚ, ਵੇਹੜਿਆਂ ਵਿਚ ਦਸਤਕ ਦਿੰਦਾ ਹੈ ਤਾਂ ਉਸ ਦੇ ਦਰਸ਼ਕ ਆਪਣੀਆਂ ਹੀ ਹੱਡਬੀਤੀਆਂ ਦੀ ਤਸਵੀਰ ਵੇਖ ਕੇ ਭਾਵੁਕ ਹੁੰਦੇ ਹਨ। ਖ਼ੁਸ਼ ਵੀ ਹੁੰਦੇ ਹਨ ਕਦੇ ਕਦੇ...ਅਤੇ ਰੋਹ ਵਿਚ ਵੀ ਆਉਂਦੇ ਹਨ। ਉਸ ਦੇ ਨਾਟਕਾਂ ਦਾ ਦਰਸ਼ਕ ਨਾਟਕ ਦੇਖ ਕੇ ਪਰਨਾ ਝਾੜ ਕੇ ਹੀ ਨਹੀਂ ਮੁੜਦਾ ਸਗੋਂ ਆਪਣੇ ਅੰਦਰ ਬਲਦੀ ਅੱਗ ਦੇ ਰੋਹ ਨੂੰ ਦਿਸ਼ਾ ਦੇਣ ਦਾ ਰਾਹ ਲੈ ਕੇ ਮੁੜਦਾ ਹੈ। ਗੁਰਸ਼ਰਨ ਸਿੰਘ ਨਿਰਛਲ ਨਿੱਤਰੇ ਪਾਣੀ ਵਰਗਾ ਸਾਫ਼ ਚਿੱਤ ਇਨਸਾਨ ਹੈ, ਉਹ ਬੜਾ ਨਿਰਭੈ ਹੈ। ਉਹ ਸਥਾਪਤੀ ਨਾਲ ਨੰਗੇ ਧੜ ਕਲਾ ਰਾਹੀਂ ਲੜਨ ਲੱਗਿਆਂ ਗੁਰੇਜ਼ ਨਹੀਂ ਕਰਦਾ ਹੈ। ਉਹ ਇਕ ਡੂੰਘਾ ਸਮਾਜ ਵਿਗਿਆਨੀ ਹੈ। ਉਹ ਜਾਣਦਾ ਹੈ ਜਦੋਂ ਹਾਕਮ ਆਪਸ ਵਿਚ ਮੇਹਣੋ-ਮੇਹਣੀਂ ਹੁੰਦੇ ਹਨ ਤਾਂ ਇਹ ਸਿਰਫ਼ ਉਨ੍ਹਾਂ ਦੀਆਂ ਖੇਡਾਂ ਹੀ ਹੁੰਦੀਆਂ ਹਨ। ਇਸ ਨਾਲ ਜਨਤਾ ਦੀ ਭਲਾਈ ਨਹੀਂ ਹੋਣੀ। ਉਸ ਦੇ ਅਭਿਨੇਤਾ ਵੀ ਜਦੋਂ ਰੰਗਮੰਚ 'ਤੇ ਆਉਂਦੇ ਹਨ ਤਾਂ ਉਹ ਦਰਿਆ ਵਾਂਗ ਸ਼ੂਕਦੇ ਹਨ। ਅਸੀਂ ਵੀ ਪੰਜ ਸਾਲ ਭਾ ਦੇ ਰੰਗਮੰਚ ਦਾ ਹਿੱਸਾ ਬਣੇ ਰਹੇ ਤੇ ਭਾ ਜੀ ਤੋਂ ਪ੍ਰੇਰਨਾ ਲੈ ਕੇ ਰੰਗਮੰਚ ਸ਼ੁਰੂ ਕੀਤਾ। ਉਨ੍ਹਾਂ ਤੋਂ ਗੁੜਤੀ ਲੈ ਕੇ 2007 ਵਿਚ ਉਨ੍ਹਾਂ ਦੇ ਕੰਮ ਅਤੇ ਅਕੀਦੇ ਨੂੰ ਸਿਜਦਾ ਕਰਨ ਲਈ 'ਗੁਰਸ਼ਰਨ ਕਲਾ ਭਵਨ' ਬਣਾਇਆ ਹੈ, ਜਿਸ ਵਿਚ ਲੋਕ ਕਲਾਵਾਂ ਦਾ, ਲੋਕ ਸਭਿਆਚਾਰ ਦਾ ਵਧਾਰਾ ਤੇ ਪਾਸਾਰਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਅਸੀਂ ਇਹ ਯਤਨ ਜਾਰੀ ਰੱਖਾਂਗੇ। ਭਾ ਜੀ ਇਕ ਵਿਅਕਤੀ ਨਹੀਂ ਸਨ, ਉਹ ਸੰਸਥਾ ਵਰਗੇ ਸਨ। ਉਨ੍ਹਾਂ ਨਾਲ ਕਲਾਕਾਰਾਂ ਦੀਆਂ ਕਈ ਪੀੜ੍ਹੀਆਂ ਨੇ ਕੰਮ ਕੀਤਾ ਹੈ। ਉਹ ਆਪਣੇ ਕਲਾਕਾਰਾਂ ਨੂੰ ਪਿਆਰਦੇ, ਕਦੇ-ਕਦੇ ਝਿੜਕਦੇ, ਜ਼ੀਰੋ ਐਕਟਰ ਦੇ ਖ਼ਿਤਾਬ ਨਾਲ ਨਿਵਾਜਦੇ, ਆਪਣੇ ਆਲੋਚਕਾਂ

ਵਾਰੇ ਹੀ ਕਹਿੰਦੇ ਉਹ ਆਪਣਾ ਕੰਮ ਕਰੀ ਜਾਂਦੇ ਨੇ, ਮੈਂ ਆਪਣਾ ਕੰਮ ਕਰੀ ਜਾਨਾ ਵਾਂ, ਬਾਕੀ ਵਕਤ ਤਹਿ ਕਰੇਗਾ...ਤੇ ਵਕਤ ਨੇ ਤੈਅ ਕਰ ਦਿੱਤਾ ਕਿ ਉਹ ਸਦੀ ਦੇ ਮਹਾਨਾਇਕ ਸਨ। ਉਹ ਕਾਲੀਦਾਸ ਐਵਾਰਡ ਜੇਤੂ ਸਨ ਤੇ ਆਲੋਚਕਾਂ ਦੇ ਦੰਦ ਜੁੜ ਗਏ ਸਨ। ਪੰਜਾਬੀ ਇਨਕਲਾਬੀ ਰੰਗਮੰਚ ਦੇ ਇਸ ਧਰੂ ਤਾਰੇ ਨੂੰ ਸਾਡਾ ਲੱਖ-ਲੱਖ ਪ੍ਰਣਾਮ ਹੈ। ਉਸ ਦਾ ਕੰਮ ਹਮੇਸ਼ਾ ਹਮੇਸ਼ਾ ਜਾਰੀ ਰਹੇਗਾ। ਭਾਵੇਂ ਕਿ—'ਉੱਠ ਗਏ ਨੇ ਗੁਆਂਢੋਂ ਯਾਰ।'